بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 22.05.2020

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਰਮਜ਼ਾਨ ਦੇ ਮਹੀਨੇ ਦਾ ਲੰਘ ਜਾਣਾ ਕਿਸੇ ਅਹਮਦੀ ਨੂੰ ਰੱਬ ਦੀ ਇਬਾਦਤ ਅਤੇ ਨੇਕੀਆਂ ਨੂੰ ਖ਼ਤਮ ਕਰਨ ਵਾਲਾ ਜਾਂ ਇਹਨਾ ਵਿੱਚ ਘਾਟ ਕਰਨ ਵਾਲਾ ਨ ਬਣਾਏ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 22 ਮਈ 2020 ਈ. ਨੂੰ ਮਸਜਿਦ ਮੁਬਾਰਕ, ਇਸਲਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشۡهَدُ أَنۡ لَا إِلٰهَ إِلَّا اللّٰهُ وَحۡدَهُ لَا شَرِيۡكَ لَهُ وَأَشۡهَدُ أَنَّ مُحَمَّدًا عَبۡدُهُ وَرَسُوۡلُهُ اما بعد فاعوذ بالله من الشيطٰن الرجيم۔ بِسۡمِ اللّٰهِ الرَّحۡمٰنِ الرَّحِيۡمِ۔ اَلۡحَمۡدُ لِلّٰهِ رَبِّ الۡعَالَمِيۡنَ۔ الرَّحۡمٰنِ الرَّحِيۡمِ۔ مَالِكِ يَوۡمِ الدِّيۡنِ۔ إِيَّاكَ نَعۡبُدُ وَإِيَّاكَ نَسۡتَعِيۡنُ۔ اِهۡدِنَا الصِّرَاطَ الۡمُسۡتَقِيۡمَ۔ صِرَاطَ الَّذِيۡنَ أَنۡعَمۡتَ عَلَيۡهِمۡ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ۔

ਤਸ਼ੱਹੁਦ, ਤਊਜ਼, ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਸਭ ਤੋਂ ਪਹਿਲਾਂ ਤਾਂ ਉਹਨਾ ਸਾਰਿਆਂ ਅਹਮਦੀਆਂ ਦਾ ਸ਼ੁਕਰਾਨਾ ਕਰਨਾ ਚਾਹੁੰਦਾ ਹਾਂ, ਜਿੰਨ੍ਹਾ ਨੇ ਬੀਤੇ ਦਿਨੀ ਮੇਰੇ ਸੱਟ ਲਗੱਣ ਕਰਕੇ ਆਪਣੇ ਅਸਾਧਰਣ ਭਾਵਨਾਵਾਂ ਦਾ ਪ੍ਰਗਟਵਾ ਕੀਤਾ ਅਤੇ ਬਹੁਤ ਤੜਪ ਨਾਲ ਦੁਆਵਾਂ ਕੀਤੀਆਂ । ਅਲੱਾਹ ਤਆਲਾ ਆਪ ਸਾਰਿਆਂ ਨੂੰ ਇਸ ਦਾ ਚੰਗਾ ਪ੍ਰਤੀਫਲ ਪ੍ਰਦਾਨ ਕਰੇ ਅਤੇ ਨੇਕੀ ਤੇ ਵਫ਼ਾਦਾਰੀ ਵਿੱਚ ਵਧਾਏ । ਇਸ ਜ਼ਮਾਨੇ ਵਿੱਚ ਰੱਬ ਖ਼ਾਤਰ ਅਤੇ ਰੱਬ ਦੇ ਫ਼ਰਮਾਨ ਅਨੁਸਾਰ ਆਪਸ ਵਿੱਚ ਪ੍ਰੇਮ, ਵਿਸ਼ੇਸ਼ ਰੂਪ ਵਿੱਚ ਸਮੇਂ ਦੇ ਖ਼ਲੀਫ਼ਾ ਨਾਲ, ਇਹ ਨੇਕੀ ਤੇ ਵਫ਼ਾ ਦੀ ਉਧਾਰਣ ਕੇਵਲ ਅਹਮਦੀਆ ਮੁਸਲਿਮ ਜਮਾਤ ਵਿੱਚ ਮਿਲ ਸਕਦੀ ਹੈ । ਇਹ ਦੋਵੇਂ ਪੱਖੋਂ ਪ੍ਰੇਮ ਵੀ ਰੱਬ ਦਾ ਪੈਦਾ ਕੀਤਾ ਹੋਇਆ ਹੈ । ਇੱਥੇ ਇਹ ਵੀ ਨਹੀਂ ਪਤਾ ਲਗੱਦਾ ਕਿ ਕੌਣ ਦੂਜੇ ਲਈ ਬਹੁਤਾ ਦਰਦ ਰਖੱਦਾ ਹੈ । ਬਹਿਰਹਾਲ ਇਹ ਇਕ ਅਜਿਹਾ ਸੰਬੰਧ ਹੈ ਜਿਸਦੀ ਕੋਈ ਉਧਾਰਣ ਸੰਸਾਰਕ ਰਿਸ਼ਤਿਆਂ ਵਿੱਚ ਨਹੀਂ ਮਿਲਦੀ । ਇਸ ਸੱਟ ਦੇ ਸਬਬ ਮੈਨੂੰ ਜੋ ਤਜਰਬਾ ਹੋਇਆ ਉਹ ਵੀ ਦੱਸ ਦਿੰਦਾ ਹਾਂ । ਮਰਹਮੇ ਈਸਾ ਦੀ ਮੈਂ ਵਰਤੋਂ ਕੀਤੀ । ਇਸੇ ਪ੍ਰਕਾਰ ਹੋਮਿਓਪੈਥਿਕ ਕਰੀਮ ਕੈਲਨਡੂਲਾ ਹੈ । ਅਸਲ ਮਿਹਰ ਤਾਂ ਰੱਬ ਦੀ ਹੈ ਉਹੋ ਸ਼ਿਫ਼ਾ ਬਖ਼ਸ਼ਣ ਵਾਲਾ ਹੈ । ਬਹਿਰਹਾਲ ਹੁਣ ਇਹ ਦੁਆ ਕਰੋ ਕਿ ਸੱਟ ਦੇ

ਜੋ ਬਾਕੀ ਪ੍ਰਭਾਵ ਹਨ, ਰੱਬ ਉਹਨਾ ਨੂੰ ਵੀ ਛੇਤੀ ਦੂਰ ਫ਼ਰਮਾ ਦੇਵੇ । ਅੱਜ ਕੱਲ ਅਸੀਂ ਜਿੰਨ੍ਹਾ ਹਾਲਾਤਾਂ ਵਿੱਚੋਂ ਲੰਘ ਰਹੇ ਹਾਂ, ਇਹਨਾਂ ਵਿੱਚ ਵਿਸ਼ੇਸ਼ ਰੂਪ ਵਿੱਚ ਰੱਬ ਅੱਗੇ ਝੁਕਣ ਦੀ ਲੋੜ ਹੈ । ਵਿਸ਼ੇਸ਼ ਕਰਕੇ ਇਹਨਾ ਹਾਲਾਤਾਂ ਵਿੱਚ ਰੱਬ ਅੱਗੇ ਝੁਕਣ ਦਾ ਜਮਾਤ ਦੇ ਲੋਕਾਂ ਨੂੰ ਧਿਆਨ ਪੈਦਾ ਹੋਇਆ ਹੈ, ਰੱਬ ਉਪੱਰ ਇਮਾਨ ਵਿੱਚ ਵਾਧਾ ਹੋਇਆ ਹੈ । ਹੁਣ ਇਹ ਰਮਜ਼ਾਨ ਖ਼ਤਮ ਹੋ ਰਿਹਾ ਹੈ ਅਤੇ ਇਸੇ ਪ੍ਰਕਾਰ ਕੁਝ ਹੱਦ ਤੱਕ ਲਾਕ ਡਾਊਨ ਵੀ ਨਰਮ ਕੀਤਾ ਜਾ ਰਿਹਾ ਹੈ । ਪਰ ਸਭ ਤੋਂ ਵੱਡੀ ਗੱਲ ਅਤੇ ਮਹਤੱਵਪੂਰਨ ਚੀਜ਼ ਜੋ ਹਰ ਅਹਮਦੀ ਨੂੰ ਆਪਣੇ ਸਾਹਮਣੇ ਰਖੱਣੀ ਚਾਹੀਦੀ ਹੈ ਕਿ ਕਾਰੋਬਾਰ ਦੀ ਆਗਿਆ ਅਤੇ ਬਾਹਰ ਨਿਕਲਣ ਦੀ ਨਰਮੀ ਅਤੇ ਫਿਰ ਰਮਜ਼ਾਨ ਦੇ ਮਹੀਨਿ ਦਾ ਲੰਘ ਜਾਣਾ ਕਿਸੇ ਅਹਮਦੀ ਨੂੰ ਰੱਬ ਦੀ ਇਬਾਦਤ ਅਤੇ ਜੋ ਨੇਕੀਆਂ ਉਹਨਾ ਨੇ ਅਪਣਾਈਆਂ ਸਨ ਉਹਨਾ ਨੂੰ ਖ਼ਤਮ ਕਰਨ ਵਾਲਾ ਜਾਂ ਇਹਨਾ ਵਿੱਚ ਕਮੀ ਕਰਨ ਵਾਲਾ ਨ ਬਣਾਏ ਸਗੋਂ ਨੇਕੀਆਂ ਨੂੰ ਅਤੇ ਜਮਾਤ ਨਾਲ ਨਮਾਜ਼ਾ ਨੂੰ ਜੱਦ ਤੱਕ ਮਸਜਿਦ ਵਿੱਚ ਜਾਣ ਦੀ ਪਾਬੰਦੀ ਹੈ ਘਰਾਂ ਵਿੱਚ ਜਾਰੀ ਰਖੱਣ ਅਤੇ ਜੱਦ ਮਸਜਿਦ ਵਿੱਚ ਜਾਣ ਦੀ ਆਗਿਆ ਮਿਲ ਜਾਏ ਤਾਂ ਮਸਜਿਦਾਂ ਨੂੰ ਆਬਾਦ ਕਰਨਾ ਆਪਣੇ ਉਪੱਰ ਪਹਿਲਾਂ ਤੋਂ ਵਧੱਕੇ ਫ਼ਰਜ਼ ਕਰਨ । ਇਸਤਰੀਆਂ ਘਰਾਂ ਵਿੱਚ ਨਮਾਜ਼ਾਂ ਦੀ ਵਿਸ਼ੇਸ਼ ਵਿਵਸਥਾ ਕਰਨ ਤਾਂ ਜੋ ਬੱਚੇ ਵੀ ਆਪਣੇ ਸਾਹਮਣੇ ਨਮੂਨੇ ਦੇਖਣ ਵਾਲੇ ਹੋਣ, ਉਹਨਾ ਦਾ ਵੀ ਰੱਬ ਉਪੱਰ ਈਮਾਨ ਅਤੇ ਵਿਸ਼ਵਾਸ ਵਧੇ । ਘਰਾਂ ਵਿੱਚ ਦਰਸ, ਸਿੱਖਿਆ ਤੇ ਪਰਵਚਨ ਸੁਨਾਉਣ ਦਾ ਕੁਝ ਮਿੰਟ ਲਈ ਪ੍ਰਬੰਧ ਰਹੇ ਤਾਂ ਜੋ ਧਾਰਮਕ ਗਿਆਨ ਵੀ ਵਧੇ ਅਤੇ ਗਿਆਨ ਤੇ ਮਆਰਫ਼ਤ ਵਿੱਚ ਵਧਾ ਹੋਵੇ, ਇਸੇ ਪ੍ਰਕਾਰ ਐਮ.ਟੀ.ਏ. ਦੇ ਪ੍ਰੋਗਰਾਮਾਂ ਨੂੰ ਦੇਖਣ ਵੱਲ ਵੀ ਧਿਆਨ ਦੇਣ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅੱਜ ਕੱਲ ਕਈ ਲੋਕ ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ ਰਹਿਮਾਹੁਲੱਾਹ ਦੇ ਇਕ ਲੇਖ 'ਪ੍ਰਕ੍ਰਿਤਕ ਹਾਦਸੇ ਜਾਂ ਇਲਾਹੀ ਪ੍ਰਕੋਪ' ਨੂੰ ਕਰੋਨਾ ਵਾਇਰਸ ਦੀ ਫੈਲੀ ਹੋਈ ਵਬਾ ਨਾਲ ਮਿਲਾਉਣ ਦਾ ਜਤਨ ਕਰਦੇ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਜ਼ਮਾਨੇ ਦੇ ਬਾਦ ਆਫ਼ਤਾ ਤੇ ਬਲਾਵਾਂ ਦੀ ਗਿਣਤੀ ਵਧੀ ਹੈ ਅਤੇ ਇਸ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਪ੍ਰਤੱਖ ਰੂਪ ਵਿੱਚ ਫ਼ਰਮਾਇਆ ਹੈ ਕਿ ਇਹ ਆਉਣਗੇ ਅਤੇ ਤਬਾਹੀਆਂ ਆਉਣਗੀਆਂ, ਪਰ ਇਹਨਾ ਵਬਾਵਾਂ ਦੇ ਪ੍ਰਭਾਵਾਂ ਦੀ ਜੋ ਅਸਲ ਚੀਜ਼ ਦੇਖਣ ਵਾਲੀ ਹੈ ਉਹ ਇਹ ਹੈ ਕਿ ਇਸ ਨਾਲ ਸਧਾਰਣ ਤੌਰ'ਤੇ ਦੁਨੀਆਦਾਰਾਂ ਉਪੱਰ ਕੀ ਪ੍ਰਭਾਵ ਹੋ ਰਿਹਾ ਹੈ । ਦੁਨੀਆਦਾਰਾਂ ਦੇ ਤਾਂ ਹੋਸ਼ ਹਵਾਸ ਗੁੰਮ ਹੋ ਰਹੇ ਹਨ । ਵੱਡੀਆਂ ਵੱਡੀਆਂ ਪ੍ਰਬਲ ਮਹਾਸ਼ਕਤੀਆਂ ਦੀ ਆਰਥਿਕਤਾ ਅਤੇ ਪ੍ਰਬੰਧਕ ਵਿਵਸਥਾ ਖੇਰੂੰ ਖੇਰੂੰ ਹੋ ਗਈ ਹੈ ਅਤੇ ਇਸ ਦੇ ਪ੍ਰਭਾਵ ਨਾਲ ਆਪਣੀ ਜਨਤਾ ਦਾ ਧਿਆਨ ਫੇਰਨ ਲਈ ਜੋ ਉਹ ਜਤਨ ਕਰ ਰਹੇ ਹਨ ਉਹ ਹੋਰ ਵੀ ਭਿਆਨਕ ਹੈ । ਉਹ ਉਹਨਾ ਨੂੰ ਜੰਗ ਤੇ ਅਰਥਵਿਵਸਥਾ ਦੀ ਹੋਰ ਤਬਾਹੀ ਵੱਲ ਧੱਕ ਦੇਵੇਗਾ । ਸੋ ਜੱਦ ਤੱਕ ਇਹ ਲੋਕ ਆਪਣੇ ਅੰਦਰ ਅਜਿਹਾ ਪਰਿਵਰਤਨ ਪੈਦਾ ਨਹੀਂ ਕਰ ਲੈਂਦੇ ਜਿਸ ਨਾਲ ਫ਼ਸਾਦਾਂ ਦੀ ਅਵਸਥਾ ਦੂਰ ਨ ਹੋਵੇ ਇਕ ਦੇ ਬਾਦ ਦੂਜੀ ਤਬਾਹੀ ਵਿੱਚ ਇਹ ਲੋਕ ਆਪ ਹੀ ਆਪ ਡੁਬੱਦੇ ਚਲੇ ਜਾਣਗੇ । ਧਾਰਮਕ ਗ਼ਲਤੀਆਂ ਦੀ ਪੁੱਛਗਿੱਛ ਤਾਂ ਕਯਾਮਤ ਦੇ ਦਿਨ ਹੈ ਪਰ ਫ਼ਿਤਨੇ ਫ਼ਸਾਦ ਤੇ ਹੱਕ ਮਾਰਨਾ ਅਤੇ ਰੱਬ ਦੇ ਬੰਦਿਆਂ ਦਾ ਹਾਸਾ ਉਡਾਉਣਾ ਇਹ ਬੇਚੈਨ ਕਰਨ ਵਾਲੀ ਤਬਾਹੀ ਲਿਆਉਂਦਾ ਹੈ । ਸਾਡਾ ਕੰਮ ਦੁਆ ਕਰਨਾ ਅਤੇ ਦੁਨੀਆ ਨੂੰ ਸਮਝਾਉਣਾ ਅਤੇ ਆਪਣੀਆਂ ਹਾਲਤਾਂ ਨੂੰ ਪਾਕ ਕਰਨਾ ਹੈ । ਹਜ਼ਰਤ ਖ਼ਲੀਫ਼ਤੁਲ ਮਸੀਹ ਰਾਬੇ ਰਹਿਮਾਹੁਲੱਾਹ ਤਆਲਾ ਦੇ ਜਿਸ ਵਿਸ਼ੈ ਦੀ ਮੈਂ ਗੱਲ ਕੀਤੀ ਹੈ ਉਸ ਵਿੱਚ ਜਮਾਤ ਅਹਮਦੀਆ ਲਈ ਤਾੜਨਾ ਇਹ ਹੈ ਕਿ ਕੇਵਲ ਅਹਮਦੀਅਤ ਦਾ ਸਿਰਲੇਖ ਬਚਾਉਣ ਲਈ ਬਹੁਤ ਨਹੀਂ ਹੋਵੇਗਾ ਸਗੋਂ ਤਕਵਾ (ਸੰਜਮਤਾ) ਦੀ ਸ਼ਰਤ ਵੀ ਨਾਲ ਲੱਗੀ ਹੋਈ ਹੈ ਅਤੇ ਖ਼ੁਸ਼ਖ਼ਬਰੀ ਦਾ ਪੱਖ ਇਹ

ਹੈ ਕਿ ਜਮਾਤ ਵਿੱਚ ਜੋ ਅਮਲੀ ਕਮਜ਼ੋਰੀਆਂ ਆ ਚੁੱਕੀਆਂ ਹਨ ਬਹੁਤ ਤੇਜ਼ੀ ਨਾਲ ਇਹਨਾ ਦੇ ਸੁਧਾਰ ਦਾ ਜਤਨ ਅਹਮਦੀ ਕਰੇਗਾ । ਸੋ, ਇਹਨਾ ਦਿਨਾਂ ਵਿੱਚ ਜੋ ਵਿਸ਼ੇਸ਼ ਧਿਆਨ ਜਾਗ੍ਰਿਤ ਹੋਇਆ ਹੈ ਹੁਣ ਇਸ ਨੂੰ ਕਾਇਮ ਰੱਖੋ ਅਤੇ ਆਪ ਵੀ ਤੇ ਆਪਣੇ ਬੱਚਿਆਂ ਨੂੰ ਵੀ ਰੱਬ ਦੇ ਹੱਕ ਅਤੇ ਉਸ ਦੀ ਮਖ਼ਲੂਕ ਦੇ ਹੱਕ ਪੂਰੇ ਕਰਨ ਵੱਲ ਧਿਆਨ ਦੁਆਓ ਕਿਉਂਕਿ ਦੁਨੀਆ ਦੀ ਤਬਾਹੀ ਦੇ ਬਾਦ ਰੱਬ ਵੱਲ, ਹਕੱਾਂ ਨੂੰ ਪੂਰਿਆਂ ਕਰਨ ਲਈ ਜੱਦ ਦੁਨੀਆ ਦੀ ਨਜ਼ਰ ਹੋਵੇਗੀ ਤਾਂ ਫਿਰ ਲੋਕ ਜਮਾਤ ਵੱਲ ਹੀ ਦੇਖਣਗੇ, ਫਿਰ ਅਹਮਦੀ ਹੀ ਹੋਣਗੇ ਜੋ ਦੁਨੀਆ ਦਾ ਸਹੀ ਮਾਰਗ ਦਰਸ਼ਨ ਕਰ ਸਕਣਗੇ, ਪਰ ਇਸ ਤੋਂ ਪਹਿਲਾਂ ਸਾਨੂੰ ਗੰਭੀਰਤਾ ਨਾਲ ਇਹ ਦੁਆ ਕਰਨੀ ਚਾਹੀਦੀ ਹੈ ਕਿ ਉਹ ਨੋਬਤ ਹੀ ਨ ਆਏ । ਜੱਦ ਦੁਨੀਆ ਇਸ ਹੱਦ ਤੱਕ ਅੱਗੇ ਚਲੀ ਜਾਏ ਕਿ ਉੱਥੋਂ ਰੋਸ਼ਨੀ ਤੇ ਅਮਨ ਵੱਲ ਪਰਤਨ ਦੇ ਰਸਤੇ ਹੀ ਬੰਦ ਹੋ ਜਾਣ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਇਸੇ ਵਿੱਚ ਸਾਡਾ ਜੀਵਨ ਹੈ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਸੱਚੇ ਗ਼ੁਲਾਮ ਦੀ ਬੈਅਤ ਵਿੱਚ ਆਣਕੇ ਆਪ ਅਲੈਹਿ ਸਲਾਮ ਦੇ ਹਕੀਕੀ ਪੈਰ੍ਹੋਕਾਰਾਂ ਵਿੱਚ ਸ਼ਾਮਲ ਹੋਈਏ । ਆਪਣੀਆਂ ਨਮਾਜ਼ਾਂ ਵਿੱਚ ਵਿਸ਼ੇਸ਼ ਦਿਲਚਸਪੀ ਤੇ ਜ਼ੋਕ ਪੈਦਾ ਕਰਨ ਵਾਲੇ ਹੋਈਏ । ਰੱਬ ਅਤੇ ਉਸ ਦੇ ਰਸੂਲ ਦੇ ਆਦੇਸ਼ਾਂ ਉਪੱਰ ਜੀਵਨ ਬਿਤਾਉਣ ਵਾਲੇ ਹੋਈਏ । ਅਸੀਰਾਨੇ ਰਾਹੇ ਮੌਲਾ (ਰੱਬ ਖ਼ਾਤਰ ਜੇਲਾਂ ਵਿੱਚ ਪਏ ਲੋਕਾਂ) ਲਈ ਵੀ ਦੁਆਵਾਂ ਕਰੋ । ਰੱਬ ਸਾਡੇ ਵਿੱਚੋਂ ਹਰ ਇਕ ਨੂੰ ਤੌਫ਼ੀਕ ਪ੍ਰਦਾਨ ਕਰੇ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਪ੍ਰਕਟ ਹੋਣ ਦੇ ਉਦੇਸ਼ ਨੂੰ ਪਛਾਨਣ ਵਾਲੇ ਹੋਈਏ । ਰੱਬ ਅਤੇ ਉਸਦੇ ਰਸੂਲ ਹਜ਼ਰਤ ਖ਼ਾਤਾਮੁਲ ਅੰਬਿਆ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦਾ ਪ੍ਰੇਮ ਸਾਰਿਆਂ ਪ੍ਰੇਮਾਂ ਉਪੱਰ ਗ਼ਾਲਬ ਹੋਵੇ । ਇਸਲਾਮ ਦੀ ਹਕੀਕੀ ਸਿੱਖਿਆ ਉਪੱਰ ਅਮਲ ਕਰਨ ਵਾਲੇ ਅਸੀਂ ਹੋਈਏ । ਸਾਡੇ ਘਰ ਪਿਆਰ ਦੇ ਸਨੇਹ ਦੇ ਨਮੂਨੇ ਹੋਣ । ਸਾਰਿਆਂ ਜੀਵਨ ਵਕਫ਼ ਕਰਨ ਵਾਲਿਆਂ ਲਈ ਦੁਆ ਕਰੋ । ਵਾਕਫ਼ੀਨਿ ਨਓ ਲਈ ਦੁਆਵਾਂ ਕਰੋ, ਰੱਬ ਉਹਨਾ ਨੂੰ ਆਪਣੇ ਅਤੇ ਆਪਣੇ ਮਾਂਪਿਆਂ ਦੇ ਅਹਿਦ ਨੂੰ ਪੂਰਾ ਕਰਨ ਦਾ ਸੰਜੋਗ ਪ੍ਰਦਾਨ ਕਰੇ । ਅਹਮਦੀ ਸ਼ਹੀਦਾਂ ਲਈ ਅਤੇ ਉਹਨਾ ਦੇ ਪਰਿਵਾਰਾਂ ਲਈ ਦੁਆ ਕਰੋ । ਔਕੁੜਾਂ ਵਿੱਚ ਘਿਰੇ ਹੋਏ ਸਾਰਿਆਂ ਅਹਮਦੀਆਂ ਲਈ ਦੁਆ ਕਰੋ । ਇਕ ਦੂਜੇ ਲਈ ਦੁਆ ਕਰੋ ਆਪਣੇ ਲਈ ਵੀ ਦੁਆ ਕਰੋ, ਬੱਚੀਆਂ ਦੇ ਰਿਸ਼ਤਿਆਂ ਲਈ ਵੀ ਦੁਆਵਾਂ ਕਰੋ ।

ਇਹਨਾ ਹਾਲਾਤਾਂ ਵਿੱਚ ਅਤੇ ਇਸ ਦੇ ਬਾਦ ਦੇ ਹਾਲਾਤਾਂ ਜੋ ਦੁਨੀਆਂ ਦੇ ਆਰਥਕ ਹਾਲਾਤ ਹੋਣ ਵਾਲੇ ਹਨ ਉਸ ਦੇ ਕੁਪ੍ਰਭਾਵਾਂ ਤੋਂ ਹਰ ਅਹਮਦੀ ਦੇ ਸੁਰੱਖਿਅਤ ਰਹਿਣ ਲਈ ਦੁਆ ਕਰੋ । ਜਮਾਤ ਦੇ ਕੰਮਾ ਅਤੇ ਮਨਸੂਬਿਆਂ ਵਿੱਚ ਕੋਈ ਰੋਕ ਨ ਪੈਦਾ ਹੋਵੇ ਅਤੇ ਜਮਾਤ ਦੀ ਤਰੱਕੀ ਤੇ ਆਰਥਕ ਕੁਰਬਾਨੀ ਕਰਨ ਵਾਲਿਆਂ ਲਈ ਵੀ ਦੁਆਵਾਂ ਕਰੋ । ਐਮ.ਟੀ.ਏ. ਦੇ ਵਰਕਰਾਂ ਲਈ ਵੀ ਦੁਆਵਾਂ ਕਰੋ । ਆਲਮੇ ਇਸਲਾਮ ਲਈ ਵੀ ਦੁਆ ਕਰੋ ਇਹਨਾ ਦੇ ਆਪਸੀ ਝਗੜੇ ਵੀ ਖ਼ਤਮ ਹੋਣ ਅਤੇ ਅਮਨ ਨਾਲ ਰਹਿਣਾ ਸਿਖੱਣ ਉਹ ਲੋਕ ਅਤੇ ਇਸਲਾਮ ਵਿਰੋਧੀ ਤਾਕਤਾਂ ਦੀ ਸ਼ਰਾਰਤਾਂ ਤੋਂ ਰੱਬ ਇਹਨਾ ਨੂੰ ਸੁਰੱਖਿਅਤ ਰੱਖੇ । ਕੁਝ ਦੁਆਵਾਂ ਮੈਂ ਇਸ ਸਮੇਂ ਪੜ੍ਹਾਂਗਾ, ਉਹ ਵੀ ਆਪ ਮੇਰੇ ਨਾਲ ਦੁਹਰਾਉਂਦੇ ਰਹੋ :

اللھم انا نجعلك فی نحورھم ونعوذبك من شرورھم

'ਅਲੱਾਹੁਮੱਾ ਇਨੱਾ ਨਜਆਲੁਕਾ ਫ਼ੀ ਨਹੂਰਿ ਹਿਮ ਵ ਨਊਜ਼ੁਬਿਕਾ ਮਿਨ ਸ਼ਰੂਰਿਹਿਮ'

ਅਰਥਾਤ ਅਸੀਂ ਤੈਂਨੂੰ ਉਹਨਾ ਦੇ ਸੀਨੇ ਵਿੱਚ ਰਖੱਦੇ ਹਾਂ ਅਰਥਾਤ ਤੇਰਾ ਰੁਹਬ ਉਹਨਾ ਦੇ ਸੀਨੇ ਵਿੱਚ ਭਰ ਜਾਏ ਅਤੇ ਅਸੀਂ ਉਹਨਾ ਦੀਆਂ ਸ਼ਰਾਰਤਾ ਤੋਂ ਤੇਰੀ ਪਨਾਹ ਮੰਗਦੇ ਹਾਂ ।

لا الہ الا اللہ العظیم الحلیم لا الہ الا اللہ رب العرش العظیم لا الہ الا اللہ رب السموٰت ورب الارض ورب العرش الکریم

'ਲਾਇਲਾਹਾ ਇਲਲੱਾਹੁਲ ਅਜ਼ੀਮੁਲ ਹਲੀਮ, ਲਾ ਇਲਾਹਾ ਇਲਲੱਾਹੁ ਰਬੁੱਲ ਅਰਸ਼ਿਲ ਅਜ਼ੀਮ, ਲਾ ਇਲਾਹਾ ਇਲਲੱਾਹੁ ਰਬੁੱਸਮਾਵਾਤਿ ਵ ਰਬੁੱਲ ਅਰਜ਼ਿ ਵ ਰਬੁੱਲ ਅਰਸ਼ਿਲ ਕਰੀਮ'

ਅਰਥ ਰੱਬ ਤੋਂ ਬਿਨਾ ਕੋਈ ਮਾਅਬੂਦ (ਪ੍ਰਸਤਿਸ਼ ਯੋਗ) ਨਹੀਂ ਜੋ ਕਿ ਆਕਾਸ਼ਾਂ, ਧਰਤੀ ਤੇ ਅਰਸ਼ਿ ਕਰੀਮ ਦਾ ਰੱਬ ਹੈ ।

یا مقلب القلوب ثبت قلبی علی دینك

'ਯਾ ਮੁਕੱਲਿਬੁ ਕੁਲੂਬ ਸੱਬਿਤ ਕਲਬੀ ਅਲਾ ਦੀਨਿਕਾ'

ਹੇ ਦਿਲਾ ਨੂੰ ਫ਼ੇਰਨ ਵਾਲੇ ਮੇਰੇ ਦਿਲ ਨੂੰ ਆਪਣੇ ਧਰਮ ਉਪੱਰ ਕਾਇਮ ਰੱਖ ।

اللھم انی اسئلك الھدی والتقی والعفافة والغنی

'ਅਲੱਾਹੁਮੱਾ ਇੱਨੀ ਅਸਆਲੁਕਲ ਹੁਦਾ ਵਤ ਤਕਾ ਵਲ ਆਫ਼ਾਫ਼ਤਾ ਵਲ ਗ਼ਿਨਾ'

ਹੇ ਅਲੱਾਹ ਮੈਂ ਤੇਥੋਂ ਹਿਦਾਇਤ, ਤਕਵਾ, ਦਰਗੁਜ਼ਰ ਕਰਨਾ ਤੇ ਗ਼ਿਨਾ ਮੰਗਦਾ ਹਾਂ ।

اللھم انی اعوذبك من زوال نعمتك و تحول عافیتك وفجأة حكمتك وجمیع سخطك۔

'ਅਲੱਾਹੁਮੱਾ ਇੱਨੀ ਆਊਜ਼ੁਬਿਕਾ ਮਿਨ ਜ਼ਵਾਲਿ ਨੇਅਮਤਾਕਾ ਵ ਤਹੂਲੁ ਆਫ਼ੀਤਕਾ ਵ ਫ਼ਜਾਅਤ ਹਿਕਮਤਕਾ ਵ ਜਮੀਆ ਸਖ਼ਤਕਾ'

ਹੇ ਅਲੱਾਹ ਮੈਂ ਤੇਰੀ ਨੇਮਤ ਦੇ ਨਸ਼ਟ ਹੋ ਜਾਣ, ਤੇਰੀ ਆਫ਼ੀਯਤ (ਖਿਮਾ ਕਰਨ) ਦੇ ਹੱਟ ਜਾਣ, ਅਚਨਚੇਤ ਦੰਡ ਅਤੇ ਉਹਨਾ ਸਾਰੀਆਂ ਗਲੱਾਂ ਤੋਂ ਪਨਾਹ ਮੰਗਦਾ ਹਾਂ ਜਿੰਨ੍ਹਾ ਤੋਂ ਤੂੰ ਨਾਰਾਜ਼ ਹੋਵੇਂ ।

ربنا ظلمنا انفسنا وان لم تغفرلنا و ترحمنا لنکونن من الخاسرین

'ਰਬੱਨਾ ਜ਼ਲਮਨਾ ਅਨਫ਼ੁਸਾਨਾ ਵ ਇਨ ਲਮ ਤਗ਼ਫ਼ਿਰਲਨਾ ਵ ਤਰਹਮਨਾ ਲ ਨਕੂਨਨੱਾ ਮਿਨਲ ਖ਼ਾਸਿਰੀਨ'

ਹੇ ਅਲੱਾਹ ! ਅਸੀਂ ਆਪਣੀਆਂ ਜਾਨਾ ਉਪੱਰ ਜ਼ੁਲਮ ਕੀਤਾ ਅਤੇ ਜੇਕਰ ਤੂੰ ਸਾਨੂੰ ਨਹੀਂ ਬਖ਼ਸ਼ੇਂ ਅਤੇ ਸਾਡੇ ਉਪੱਰ ਰਹਿਮ ਨ ਕਰੇਂ ਤਾਂ ਅਸੀਂ ਜ਼ਰੂਰ ਘਾਟਾ ਪਾਉਣ ਵਾਲਿਆਂ ਵਿੱਚੋਂ ਹੋਵਾਂਗੇ ।

ربنا لا تزغ قلوبنا بعد اذھدیتنا وھب لنا من لدنك رحمة انك انت الوھاب

ਰਬੱਨਾ ਲਾ ਤੁਜ਼ਿਗ਼ ਕੁਲੂਬਨਾ ਬਾਦਾ ਇਜ਼ ਹਿਦੈਤਨਾ ਵ ਹਬਲਨਾ ਮਿਨਲਾਦੁਨਕਾ ਰਾਹਮਾਤਨ ਇਨੱਾਕਾ ਅੰਤਲ ਵਹੱਾਬ

ਹੇ ਸਾਡੇ ਰੱਬ ! ਸਾਡੇ ਦਿਲ ਟੇਢੇ ਨ ਕਰ ਦੇਣਾ, ਇਸ ਦੇ ਬਾਦ ਕਿ ਤੂੰ ਸਾਨੂੰ ਹਿਦਾਇਤ ਦਿੱਤੀ ਅਤੇ ਸਾਨੂੰ ਆਪਣੀ ਹਜ਼ੂਰੀਓਂ ਰਹਮਤ ਪ੍ਰਦਾਨ ਕਰਨਾ, ਨਿਸ਼ਚੇ ਹੀ ਤੂੰ ਬਹੁਤ ਪ੍ਰਦਾਨ ਕਰਨ ਵਾਲਾ ਹੈ ।

ربنا اٰتنا فی الدنیا حسنة وفی الاٰخرة حسنة وقنا عذاب النار

'ਰਬੱਨਾ ਆਤਿਨਾ ਫ਼ਿਦੁੱਨੀਆ ਹਸਨਾਤੰਵ ਵਫ਼ਿਲ ਆਖ਼ਿਰਾਤਿ ਹਸਨਾਤੰਵ ਵਾਕਿਨਾ ਅਜ਼ਾਬਨੱਾਰਿ'

ਅਰਥਾਤ ਹੇ ਸਾਡੇ ਰੱਬ ! ਸਾਨੂੰ ਦੁਨੀਆ ਵਿੱਚ ਵੀ ਸਫ਼ਲਤਾ ਪ੍ਰਦਾਨ ਕਰ ਅਤੇ ਆਖ਼ਰਤ ਵਿੱਚ ਵੀ ਸਫ਼ਲਤਾ ਪ੍ਰਦਾਨ ਕਰ ਅਤੇ ਸਾਨੂੰ ਅੱਗ ਦੇ ਅਜ਼ਾਬ ਤੋਂ ਬਚਾ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਇਕ ਦੁਆ ਹੈ ਕਿ ਹੇ ਰਬੁੱਲ ਆਲਾਮੀਨ ਮੈਂ ਤੇਰੇ ਅਹਿਸਾਨਾ (ਉਪਕਾਰਾਂ) ਦਾ ਸ਼ੁਕਰਾਨਾ ਅਦਾ ਨਹੀਂ ਕਰ ਸਕਦਾ, ਤੂੰ ਤਾਂ ਅਤਿਅੰਤ ਰਹੀਮ ਤੇ ਕਰੀਮ ਹੈਂ, ਤੇਰੇ ਅਥਾਹ ਮੇਰੇ ਉਪੱਰ ਅਹਿਸਾਨ ਹਨ, ਮੇਰੇ ਗੁਨਾਹ ਬਖ਼ਸ਼ ਤਾਂ ਜੋ ਮੈਂ ਹਲਾਕ ਨ ਹੋ ਜਾਵਾਂ । ਮੇਰੇ ਦਿਲ ਵਿੱਚ ਆਪਣੀ ਖ਼ਾਸ ਮਹਬੱਤ ਪਾ ਦੇ ਤਾਂ ਜੋ ਮੈਂਨੂੰ ਅਸਲ ਜੀਵਨ ਹਾਸਲ ਹੋਵੇ ਅਤੇ ਮੇਰੀ ਪਰਦਾ ਪੋਸ਼ੀ ਫ਼ਰਮਾ ਅਤੇ ਮੇਰੇ ਰਾਹੀਂ ਅਜਿਹੇ ਅਮਲ ਕਰਾ ਜਿੰਨ੍ਹਾ ਤੋਂ ਤੂੰ ਰਾਜ਼ੀ ਹੋ ਜਾਏਂ । ਮੈਂ ਤੇਰੇ ਕਰੀਮ ਹੋਣ ਦੇ ਸਬਬ ਇਸ ਗੱਲ ਦੀ ਪਨਾਹ ਮੰਗਦਾ ਹਾਂ ਕਿ ਤੇਰਾ ਗ਼ਜ਼ਬ ਮੇਰੇ ਉਪੱਰ ਲਾਗੂ ਹੋਵੇ । ਰਹਿਮ ਫ਼ਰਮਾ, ਰਹਿਮ ਫ਼ਰਮਾ, ਰਹਿਮ ਫ਼ਰਮਾ ਅਤੇ ਦੁਨੀਆ ਤੇ ਆਖ਼ਰਤ ਦੀਆਂ ਬਲਾਵਾਂ ਤੋਂ ਮੈਂਨੂੰ ਬਚਾ ਕਿਉਂਕਿ ਹਰ ਇਕ ਮਿਹਰ ਤੇ ਕਰਮ ਤੇਰੇ ਹੀ ਹਥੱਾਂ ਵਿੱਚ ਹੈ । ਆਮੀਨ ।

اللھم صل علیٰ محمد وعلیٰ اٰل محمد کما صلیت علیٰ ابراھیم وعلیٰ اٰل ابراھیم انك حمید مجید۔ اللھم بارك علیٰ محمد وعلیٰ اٰل محمد کما بارکت علیٰ ابراھیم وعلیٰ اٰل ابراھیم انك حمید مجید

ਅਲੱਾਹੁਮੱਾ ਸੱਲਿ ਅਲਾ ਮੁਹਮੱਾਦਿੰਵ ਵ ਅਲਾ ਆਲਿ ਮੁਹਮੱਦਿਨ ਕਮਾ ਸੱਲੈਤਾ ਅਲਾ ਇਬਰਾਹੀਮਾ ਵ ਅਲਾ ਆਲਿ ਇਬਰਾਹੀਮਾ ਇਨੱਾਕਾ ਹਮੀਦੁੰਮ ਮਜੀਦ, ਅਲੱਾਹੁਮੱਾ ਬਾਰਿਕ ਅਲਾ ਮੁਹਮੱਾਦਿੰਵ ਵ ਅਲਾ ਆਲਿ ਮੁਹਮੱਦਿਨ ਕਾਮ ਬਾਰਕਤਾ ਅਲਾ ਇਬਰਾਹੀਮਾ ਵ ਅਲਾ ਆਲਿ ਇਬਰਾਹੀਮਾ ਇਨੱਾਕਾ ਹਮੀਦੁੰਮ ਮਜੀਦ ।

ਅਲੱਾਹ ਤਆਲਾ ਇਸ ਰਮਜ਼ਾਨ ਵਿੱਚ ਜੋ ਨੇਕ ਕੰਮ ਸਾਡੇ ਕੋਲੋਂ ਹੋਏ ਜਾਂ ਜੋ ਤਬਦੀਲੀਆਂ ਸਾਡੇ ਵਿੱਚ ਪੈਦਾ ਹੋਈਆਂ ਹਨ ਉਹਨਾ ਨੂੰ ਜਾਰੀ ਰਖੱਣ ਦੀ ਸਾਨੂੰ ਤੌਫ਼ੀਕ ਪ੍ਰਦਾਨ ਕਰੇ ਅਤੇ ਇਹ ਦੁਆਵਾਂ ਵੀ ਸਾਡੇ ਹੱਕ ਵਿੱਚ ਕੁਬੂਲ ਫ਼ਰਮਾ । ਆਮੀਨ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئٰاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَاَشْھَدُ اَنْ لَّا اِلٰہَ اِلَّا اللّٰہُ وَحْدَہٗ لَا شَرِیْكَ لَہٗ وَاَشْھَدُ اَنَّ مُحَمَّدًا عَبْدُہٗ وَرَسُوْلُہٗ. عِبَادَ اللّٰہِ رحمکم اللہ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ فَاذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

★★★★★

**Khulasa Khutba Jumma 22.05.2020**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131